BC CANCER BREAST SCREENING
Provincial Health Services Authority

ਛਾਤੀ ਦੀ ਸਕ੍ਰੀਨਿੰਗ ਦੀ ਯਾਦ-ਦਿਹਾਨੀ

Notice Date

Jane Sample
0123 Sample Street APT 01
City, Province, Postal Code

ਪਿਆਰੀ Jane,

ਤੁਹਾਡਾ ਅਗਲਾ ਸਕ੍ਰੀਨਿੰਗ ਮੈਮੋਗ੍ਰਾਮ ਬੁੱਕ ਕਰਨ ਦਾ ਸਮਾਂ ਆ ਗਿਆ ਹੈ। ਸਕ੍ਰੀਨਿੰਗ ਮੈਮੋਗ੍ਰਾਮ ਛਾਤੀ ਦੇ ਕੈਂਸਰ ਨੂੰ ਸ਼ੁਰੂਆਤੀ ਪੜਾਅ ਵਿੱਚ ਲੱਭ ਸਕਦੇ ਹਨ-ਜਦੋਂ ਇਲਾਜ ਦੇ ਵਧੇਰੇ ਵਿਕਲਪ ਉਪਲਬਧ ਹੁੰਦੇ ਹਨ ਅਤੇ ਜੀਵਿਤ ਰਹਿਣ ਦੀ ਸੰਭਾਵਨਾ ਵੱਧ ਹੁੰਦੀ ਹੈ।

ਮੇਰੇ ਕੋਲ ਇਸ ਵੇਲੇ ਮੁਢਲੀ ਸਿਹਤ-ਸੰਭਾਲ ਪ੍ਰਦਾਨਕਰਤਾ ਹੈਗਾ ਹੈ:

ਆਪਣਾ ਛਾਤੀ ਸਕ੍ਰੀਨਿੰਗ ਐਪੁਆਇੰਟਮੈਂਟ ਆਨਲਾਈਨ ਬੁੱਕ ਕਰੋ

ਇਸ **'ਤੇ** ਜਾਉ: **screeningbc.ca/bookbreastscreening**	ਤੁਹਾਡਾ ਬੁਕਿੰਗ ਕੋਡ:
	SAMPLE-XXX-1234

ਤੁਸੀਂ ਸੁਰੱਖਿਅਤ ਅਤੇ ਸੁਵਿਧਾਜਨਕ ਤਰੀਕੇ ਨਾਲ ਸੂਬੇ ਭਰ ਦੇ ਬ੍ਰੈਸਟ ਸਕ੍ਰੀਨਿੰਗ ਸੈਂਟਰਾਂਅਤੇ ਮੋਬਾਈਲ ਮੈਮੋਗ੍ਰਾਫੀ ਸਟਾਪਾਂ ਵਿੱਚ ਉਪਲਬਧ ਐਪੁਆਇੰਟਮੈਂ**ਟਾਂ** ਦੀ ਭਾਲ ਕਰ ਸਕਦੇ ਹੋ। ਤੁਸੀਂ ਟੈਕਸਟ ਮੈਸੇਜ ਯਾਦ-ਦਿਹਾਨੀਆਂ ਲਈ ਵੀ ਸਾਈਨ ਅੱਪ ਕਰ ਸਕਦੇ ਹੋ ਅਤੇ ਮੌਜੂਦਾ ਐਪੁਆਇੰਟਮੈਂਟਾਂ ਨੂੰ ਦੁਬਾਰਾ ਤੈਅ ਕਰ ਸਕਦੇ ਹੋ। ਆਨਲਾਈਨ ਬੁਕਿੰਗ ਕਰਨ ਲਈ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਹੋਣੀਆਂ ਲਾਜ਼ਮੀ ਹਨ। ਕਿਰਪਾ ਕਰਕੇ ਆਨਲਾਈਨ ਬੁਕਿੰਗ ਪ੍ਰਕਿਰਿਆ ਦੇ ਸ਼ੁਰੂ ਵਿੱਚ ਦਿੱਤੇ ਗਏ ਯੋਗਤਾ ਸਬੰਧੀ ਸਵਾਲਾਂ ਦੀ ਪੜਚੋਲ ਕਰੋ ਅਤੇ ਉਸ ਅਨੁਸਾਰ ਹਦਾਇਤਾਂ ਦੀ ਪਾਲਣਾ ਕਰੋ।

ਮੇਰੇ ਕੋਲ ਇਸ ਵੇਲੇ ਕੋਈ ਮੁਢਲੀ ਸਿਹਤ-ਸੰਭਾਲ ਪ੍ਰਦਾਨਕਰਤਾ ਨਹੀਂ ਹੈ:

ਸਕ੍ਰੀਨਿੰਗ 'ਚ ਸਹਾਇਤਾ ਕਰਨ ਵਾਲੇ **ਮੁਢਲੀ ਸਿਹਤ-ਸੰਭਾਲ** ਪ੍ਰਦਾਨਕਰਤਿਆਂ ਦੇ ਵਿਕਲਪਾਂ ਲਈ screeningbc.ca/breast/get-screened ਵੇਖੋ, ਫਿਰ ਆਪਣੇ ਨੇੜਲੇ ਸਕ੍ਰੀਨਿੰਗ ਕੇਂਦਰ ਨਾਲ screeningbc.ca/breast/clinic-locator ਰਾਹੀਂ ਸੰਪਰਕ ਕਰੋ।

ਜੇਕਰ ਤੁਹਾਡੀ ਮੌਜੂਦਾ ਸਿਹਤ ਸਥਿਤੀ ਕਾਰਨ ਇਸ ਸਮੇਂ ਸਕ੍ਰੀਨਿੰਗ ਉਚਿਤ ਨਹੀਂ ਹੈ, ਤਾਂ ਕਿਰਪਾ ਕਰਕੇ ਇਸ ਸੂਚਨਾ ਨੂੰ ਨਜ਼ਰਅੰਦਾਜ਼ ਕਰ ਦਿਉ । ਜੇ ਤੁਹਾਡੇ ਕੋਲ ਆਪਣੀ ਸਿਹਤ ਸਥਿਤੀ ਸਬੰਧੀ ਕੋਈ ਸਵਾਲ ਜਾਂ ਚਿੰਤਾਵਾਂ ਹਨ, ਜਾਂ ਤੁਸੀਂ ਸਕ੍ਰੀਨਿੰਗ ਮੈਮੋਗ੍ਰਾਫੀ ਦੇ ਫਾਇਦਿਆਂ ਅਤੇ ਸੀਮਾਵਾਂ ਬਾਰੇ ਜਾਣਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਗੱਲ ਕਰੋ।

ਮੈਂ ਉਮੀਦ ਕਰਦੀ ਹਾਂ ਕਿ ਤੁਸੀਂ ਅੱਜ ਹੀ ਆਪਣਾ ਮੈਮੋਗ੍ਰਾਮ ਬੁੱਕ ਕਰਨ ਬਾਰੇ ਵਿਚਾਰ ਕਰੋਗੇ।

ਸੁਹਿਰਦਤਾ ਸਹਿਤ,

Dr. Charlotte Yong-Hing
Breast Screening Medical Director

Notice ID: XXXXXXXXXXXXX

SAMPLE

BC CANCER BREAST SCREENING
Provincial Health Services Authority

ਛਾਤੀ ਦੀ ਸਕ੍ਰੀਨਿੰਗ ਦੀ ਯਾਦ-ਦਿਹਾਨੀ

ਮੈਨੂੰ ਆਪਣੇ ਮੈਮੋਗ੍ਰਾਮ ਕਦੋਂ ਕਰਵਾਉਣੇ ਚਾਹੀਦੇ ਹਨ?

ਜੇ ਤੁਹਾਡੇ ਕਿਸੇ ਨੇੜਲੇਪਹਿਲੇ ਦਰਜੇ ਦੇ ਰਿਸ਼ਤੇਦਾਰ (ਮਾਤਾ, ਭੈਣ, ਧੀ, ਪਿਤਾ, ਭਰਾ, ਪੁੱਤਰ) ਨੂੰ ਛਾਤੀ ਦਾ ਕੈਂਸਰ ਹੈ, ਤਾਂ ਤੁਹਾਨੂੰ ਹਰ ਸਾਲ ਇੱਕ ਮੈਮੋਗ੍ਰਾਮ ਕਰਵਾਉਣਾ ਚਾਹੀਦਾ ਹੈ। ਜੇ ਤੁਹਾਡੇ ਪਰਿਵਾਰ ਵਿੱਚ ਛਾਤੀ ਦੇ ਕੈਂਸਰ ਦਾ ਇਤਿਹਾਸ ਨਹੀਂ ਹੈ, ਤਾਂ ਤੁਸੀਂ ਹਰ 2 ਸਾਲਾਂ ਬਾਅਦ ਮੈਮੋਗ੍ਰਾਮ ਕਰਵਾ ਸਕਦੇ ਹੋ।

ਕੀ ਅਜਿਹੀਆਂ ਸਥਿਤੀਆਂ ਹਨ ਜਦੋਂ ਮੈਨੂੰ ਸਕ੍ਰੀਨਿੰਗ ਮੈਮੋਗ੍ਰਾਮ ਨਹੀਂ ਕਰਵਾਉਣਾ ਚਾਹੀਦਾ?

ਜੇ ਤੁਹਾਨੂੰ ਛਾਤੀ ਦੇ ਕੈਂਸਰ ਦੀ ਪਛਾਣ ਹੋ ਚੁੱਕੀ ਹੈ, ਤੁਹਾਡੇ ਬ੍ਰੈਸਟ ਇੰਪਲਾਂਟ ਹਨ, ਤੁਸੀਂ ਗਰਭਵਤੀ ਹੋ, ਪਿਛਲੇ 3 ਮਹੀਨਿਆਂ ਦੌਰਾਨ ਦੁੱਧ ਪਿਲਾਇਆ ਹੈ, ਜਾਂ ਪਿਛਲੇ 3 ਮਹੀਨਿਆਂ ਵਿੱਚ ਛਾਤੀ ਦੀ ਸਰਜਰੀ ਹੋਈ ਹੈ, ਤਾਂ ਇਸ ਸਮੇਂ ਸਕ੍ਰੀਨਿੰਗ ਤੁਹਾਡੇ ਲਈ ਉਚਿਤ ਨਹੀਂ ਹੋ ਸਕਦੀ। ਕਿਰਪਾ ਕਰਕੇ ਆਪਣੇ ਸਕ੍ਰੀਨਿੰਗ ਵਿਕਲਪਾਂ ਬਾਰੇ ਚਰਚਾ ਕਰਨ ਲਈ ਆਪਣੇ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਗੱਲ ਕਰੋ।

ਮੈਨੂੰ ਆਪਣੇ ਪਸੰਦੀਦਾ ਬ੍ਰੈਸਟ ਸਕ੍ਰੀਨਿੰਗ ਸੈਂਟਰ ਵਿੱਚ ਕੋਈ ਉਪਲਬਧ ਐਪੁਆਇੰਟਮੈਂਟਸਮਾਂ ਨਹੀਂ ਮਿਲ ਰਿਹਾ। ਮੈਨੂੰ ਕੀ ਕਰਨਾ ਚਾਹੀਦਾ ਹੈ?

ਕੁਝ ਬ੍ਰੈਸਟ ਸਕ੍ਰੀਨਿੰਗ ਸੈਂਟਰਾਂ ਵਿੱਚ ਉਡੀਕ ਦਾ ਸਮਾਂ ਕਾਫ਼ੀ ਲੰਮਾ ਹੈ। ਉਪਲਬਧ ਐਪੁਆਇੰਟਮੈਂਟਾਂ ਦੇਖਣ ਲਈ ਤੁਹਾਨੂੰ ਮੌਜੂਦਾ ਤਾਰੀਖ ਤੋਂ ਕਈ ਮਹੀਨੇ ਅਗਾਂਹ ਤੱਕ ਭਾਲ ਕਰਨੀ ਪੈ ਸਕਦੀ ਹੈ। ਵਿਕਲਪ ਵਜੋਂ, ਤੁਸੀਂ ਆਪਣੇ ਨੇੜਲੇ ਹੋਰ ਬ੍ਰੈਸਟ ਸਕ੍ਰੀਨਿੰਗ ਸੈਂਟਰਾਂ ਵਿੱਚ ਵੀ ਐਪੁਆਇੰਟਮੈਂਟ ਸਮਿਆਂ ਦੀ ਭਾਲ ਕਰ ਸਕਦੇ ਹੋ।

ਕੀ ਮੋਬਾਈਲ ਮੈਮੋਗ੍ਰਾਫੀ ਯੂਨਿਟ ਮੇਰੀ ਕਮਿਊਨਿਟੀ ਵਿੱਚ ਆ ਰਹੀ ਹੈ?

ਅੱਪਡੇਟ ਕੀਤੇ ਸਮਾਂ-ਸੂਚੀ ਲਈ ਕਿਰਪਾ ਕਰਕੇ Clinic Locator ਵੇਖੋ screeningbc.ca/clinic-locator.

ਮੈਂ ਆਪਣੀ ਛਾਤੀ ਵਿੱਚ ਕੁਝ ਬਦਲਾਅ ਵੇਖੇ ਹਨ। ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਸੀਂ ਆਪਣੀ ਛਾਤੀ ਵਿੱਚ ਕੋਈ ਨਵਾਂ ਬਦਲਾਅ ਵੇਖਦੇ ਹੋ, ਜਿਵੇਂ ਕਿ ਗੰਢ ਜਾਂ ਨਿੱਪਲ ਵਿੱਚੋਂ ਡਿਸਚਾਰਜ , ਤਾਂ ਕਿਰਪਾ ਕਰਕੇ ਤੁਰੰਤ ਆਪਣੇ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਗੱਲ ਕਰੋ ਤਾਂ ਜੋ ਇਹ ਪਤਾ ਲੱਗ ਸਕੇ ਕਿ ਕੀ ਹੋਰ ਜਾਂਚਾਂ ਦੀ ਲੋੜ ਹੈ, ਭਾਵੇਂ ਤੁਹਾਡੀ ਐਪੁਆਇੰਟਮੈਂਟ ਪਹਿਲਾਂ ਹੀ ਤੈਅ ਹੋਈ ਹੋਵੇ। ਸਕ੍ਰੀਨਿੰਗ ਮੈਮੋਗ੍ਰਾਫੀ ਇੱਕ ਗੈਰ-ਤੁਰੰਤ ਜਾਂਚ ਹੈ ਜੋ ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਵਿੱਚ ਕੋਈ ਲੱਛਣ ਨਹੀਂ ਹਨ।

ਐਪੁਆਇੰਟਮੈਂਟ ਬੁੱਕ ਕਰਨ ਜਾਂ ਸੂਚਨਾਵਾਂ ਬਾਰੇ ਸਵਾਲ ਹਨ ?

ਹੋਰ ਜਾਣਕਾਰੀ ਲਈ ਕਿਰਪਾ ਕਰਕੇ **screeningbc.ca/breast ਜਾਂ screeningbc.ca/notifications** ਵੇਖੋ।

ਤੁਹਾਡੀ ਨਿੱਜੀ ਜਾਣਕਾਰੀ BC Freedom of Information Protection of Privacy Act ਦੇ ਅਨੁਸਾਰ ਇਕੱਠੀ ਕੀਤੀ ਜਾਂਦੀ ਹੈ ਅਤੇ ਗੈਰ-ਅਧਿਕਾਰਤ ਵਰਤੋਂ ਅਤੇ ਖੁਲਾਸੇ ਤੋਂ ਸੁਰੱਖਿਅਤ ਰੱਖੀ ਜਾਂਦੀ ਹੈ, ਅਤੇ ਇਸ ਕਾਨੂੰਨ ਵਿੱਚ ਪ੍ਰਦਾਨ ਕੀਤੀਆਂ ਸਥਿਤੀਆਂ ਤੋਂ ਇਲਾਵਾ ਇਸਦੀ ਵਰਤੋਂ ਜਾਂ ਖੁਲਾਸਾ ਨਹੀਂ ਕੀਤਾ ਜਾਂਦਾ। ਇਹ ਨਿੱਜੀ ਜਾਣਕਾਰੀ ਮੈਡੀਕਲ ਸੇਵਾਵਾਂ ਪ੍ਰਦਾਨ ਕਰਨ ਅਤੇ ਮਰੀਜ਼ਾਂ ਨੂੰ Breast Screening Program ਸਹਾਇਤਾ ਦੇਣ ਲਈ ਵਰਤੀ ਜਾਂਦੀ ਹੈ। ਇਕੱਠੀ ਕੀਤੀ ਜਾਣਕਾਰੀ ਕੁਆਲਿਟੀ ਯਕੀਨੀਕਰਨ ਦੇ ਪ੍ਰਬੰਧਨ ਲਈ ਵਰਤੀ ਜਾਂਦੀ ਹੈ ਅਤੇ ਸਿਹਤ-ਸੰਭਾਲ ਪ੍ਰਦਾਨਕਰਤਾਵਾਂ ਨਾਲ ਸਾਂਝੀ ਕੀਤੀ ਜਾਂਦੀ ਹੈ, ਜੋ ਦੇਖਭਾਲ ਪ੍ਰਦਾਨ ਕਰਨ ਵਿੱਚ ਸ਼ਾਮਲ ਹੁੰਦੇ ਹਨ ਜਾਂ ਜਦੋਂ ਕਾਨੂੰਨ ਅਨੁਸਾਰ ਲੋੜ ਹੋਵੇ। ਇਸ ਤੋਂ ਇਲਾਵਾ, Breast Screening Program ਮਰੀਜ਼ਾਂ ਨੂੰ ਨਤੀਜਿਆਂ ਬਾਰੇ ਸੂਚਿਤ ਕਰੇਗਾ, ਮਰੀਜ਼ਾਂ ਅਤੇ ਉਹਨਾਂ ਦੇ ਮੁਢਲੀ ਸਾਂਭ-ਸੰਭਾਲ ਪ੍ਰਦਾਨਕਰਤਾਵਾਂ ਨੂੰ ਦੁਬਾਰਾ ਸਕ੍ਰੀਨਿੰਗ ਜਾਂ ਫਾਲੋ-ਅੱਪ ਬਾਰੇ ਯਾਦ ਦਿਵਾਏਗਾ, ਅਤੇ ਸਕ੍ਰੀਨਿੰਗ ਪ੍ਰਕਿਰਿਆ ਦੀ ਕੁਆਲਿਟੀ ਅਤੇ ਕਾਰਗੁਜ਼ਾਰੀ ਦੀ ਨਿਗਰਾਨੀ ਅਤੇ ਮੁਲਾਂਕਣ ਕਰੇਗਾ।

BC Cancer ਦੁਆਰਾ ਜਾਣਕਾਰੀ ਦੇ ਇਕੱਠੇ ਕਰਨ ਸਬੰਧੀ ਕਿਸੇ ਵੀ ਸਵਾਲ ਲਈ ਸੰਪਰਕ ਕਰੋ: 801 – 686 West Broadway, Vancouver BC V5Z 1G1, ਜਾਂ ਈਮੇਲ: screening@bccancer.bc.ca। ਜੇ ਇਹ ਜਾਣਕਾਰੀ ਗਲਤੀ ਨਾਲ ਪ੍ਰਾਪਤ ਹੋਈ ਹੈ, ਤਾਂ ਕਿਰਪਾ ਕਰਕੇ ਤੁਰੰਤ ਭੇਜਣ ਵਾਲੇ ਨਾਲ ਸੰਪਰਕ ਕਰੋ।